ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ
ਜਿਲ੍ਹਾ ਜਲੰਧਰ
ਝੋਨਾ/ ਬਾਸਮਤੀ ਲਈ ਆਈ.ਪੀ.ਐਮ ਸਪੈਸ਼ਲ

ਮਹੀਨਾ: ਜੂਨ 2020 ਅੰਕ ਨੰਬਰ: ਸੀ ਏ ਓ-068

ਝੋਨੇ ਅਤੇ ਬਾਸਮਤੀ ਦੇ ਹਾਨੀਕਾਰਕ ਕੀੜੇ :

ਪੱਤਾ ਲਪੇਟ ਸੁੰਡੀ

ਗੋਭ ਦੀ ਸੁੰਡੀ ਦਾ ਮਾਦਾ ਪਤੰਗਾ ,ਆਂਡੇ, ਸੁੰਡੀਆਂ ਅਤੇ ਸੁੰਡੀ ਰਾਂਹੀ ਫਸਲ ਵਿੱਚ ਨੁਕਸਾਨ

ਬੂਟਿਆਂ ਦੇ ਟਿੱਡੇ

ਝੋਨੇ ਦਾ ਹਿਸਪਾ

ਘਾਹ ਦੇ ਟਿੱਡੇ

ਸਿੱਟੇ ਕੁਤਰਨ ਵਾਲੀ ਸੁੰਡੀ

ਝੋਨੇ ਅਤੇ ਬਾਸਮਤੀ ਦੀਆਂ ਮੁੱਖ ਬੀਮਾਰੀਆਂ :

ਝੂਠੀ ਕਾਂਗਿਆਰੀ

ਝੁਲਸ ਰੋਗ

ਤਣੇ ਦੁਆਲੇ ਪੱਤੇ ਦਾ ਝੁਲਸ ਰੋਗ


ਤਣੇ ਦੁਆਲੇ ਪੱਤੇ ਦਾ ਗਲਣਾ

ਭੂਰੇ ਧੱਬਿਆਂ ਦਾ ਰੋਗ

ਮੁੱਢਾਂ ਦਾ ਗਲਣਾ (ਝੰਡਾ ਰੋਗ)

ਤਣੇ ਦਾ ਗਲਣਾ

ਭੁਰੜ ਰੋਗ

ਝੋਨੇ ਅਤੇ ਬਾਸਮਤੀ ਵਿੱਚ ਖੁਰਾਕੀ ਤੱਤਾਂ ਦੀ ਘਾਟ :

ਜਿੰਕ ਦੀ ਘਾਟ

ਲੋਹੇ ਦੀ ਘਾਟ

ਨਾਇਟਰੋਜ਼ਨ ਦੀ ਘਾਟ

ਝੋਨੇ ਅਤੇ ਬਾਸਮਤੀ ਵਿੱਚ ਮਿੱਤਰ ਕੀੜੇ :

ਮੱਕੜੀ

ਡੇਮਸਲ ਫਲਾਈ

ਲਾਲ ਭੂੰਡੀ ਅਤੇ ਹੋਰ ਪ੍ਰੀਡੇਟਰ

ਮੀਡੋ ਗਰਾਸ ਹਾਪਰ

Xanthopimpla(ਪੀਲਾ ਭੂੰਡ)

ਡਰੈਗਨ ਫਲਾਈ

ਕਰਾਈਸੋਪਾ

ਰੋਵ ਬੀਟਲ

ਪੈਰਸਟਾਇਡਜ

ਟਰਾਈਕੋਗਰਾਮਾ ਆਂਡੇਂ

ਅਤੇ ਟਰਾਈਕੋ ਕਾਰਡ

ਝੋਨੇ/ਬਾਸਮਤੀ ਵਿੱਚ ਆਈ ਪੀ ਐਮ :



ਬਾਂਸ ਵਾਲੇ ਪਰਚਰ ਅਤੇ ਟਰੈਪ


ਪੰਛੀਆਂ ਲਈ ਖੇਤਾਂ ਵਿੱਚ ਬਸੇਰਾ

ਪੱਤਾ ਲਪੇਟ ਸੁੰਡੀ ਲਈ ਰੱਸੀ ਫੇਰਨਾ

ਟਰੈਪ ਰਾਂਹੀ ਕੀੜਿਆਂ ਦੀ ਗਿਣਤੀ

ਲਾਈਟ ਟਰੈਪ

ਫੀਰੋਮੋਨ ਟਰੈਪ

ਕੀੜਾ/ਬੀਮਾਰੀ/ਖੁਰਾਕੀ ਤੱਤ ਦੀ ਘਾਟ ਦੀਆਂ ਮੁੱਖ ਨਿਸ਼ਾਨੀਆ	ਫਸਲ ਦੀ ਮਾਲੀ ਨੁਕਸਾਨ ਨੂੰ ਸਹਾਰਣ ਦੀ ਸਮੱਰਥਾ (ਇਕਨਾਮਿਕ ਥਰੈਸ਼ਹੋਲਡ ਲੈਵਲ) ਅਤੇ ਆਈ. ਪੀ. ਐਮ ਅਧੀਨ ਉਪਰਾਲੇ	ਕੀੜੇ/ਬੀਮਾਰੀ ਦਾ ਹਮਲਾ ਬੂਟੇ ਦੀ ਨੁਕਸਾਨ ਨੂੰ ਸਹਾਰਣ ਦੀ ਸਮੱਰਥਾ (ਇਕਨਾਮਿਕ ਥਰੈਸ਼ਹੋਲਡ ਲੈਵਲ) ਤੋਂ ਵੱਧਣ ਉਪਰੰਤ ਰਸਾਇਣਾ ਰਾਂਹੀ ਰੋਕਥਾਮ
 ਤਣੇ ਦੇ ਗੜੂੰਏਂ: ਇਸ ਕੀੜੇ ਦੀਆਂ ਸੁੰਡੀਆਂ ਤਣੇ ਵਿੱਚ ਵੜ੍ਹ ਕੇ ਗੋਭਾਂ ਨੂੰ ਸੁੱਕਾ ਦਿੰਦੀਆਂ ਹਨ, ਜਿਸ ਕਰਕੇ ਮੁੰਜਰਾਂ ਵਿੱਚ ਦਾਣੇ ਨਹੀ ਪੈਂਦੇ ਅਤੇ ਮੁੰਜਰਾਂ ਚਿੱਟੇ ਰੰਗ ਦੀਆਂ ਹੋ ਜਾਂਦੀਆਂ ਹਨ।	**5% ਜਾਂ ਇਸ ਤੋਂ ਵੱਧ ਸੁੱਕੀਆਂ ਗੋਭਾਂ।** **ਪ੍ਰਤੀ ਸੁੱਕੇਅਰ ਮੀਟਰ ਇੱਕ ਆਡਿਆਂ ਦਾ ਢੇਰ।** **ਬਾਸਮਤੀ ਤੇ 2% ਜਾਂ ਵੱਧ ਸੁੱਕੀਆਂ ਗੋਭਾਂ।** ਫਸਲ ਵਿੱਚ ਬੰਬੂ ਪਰਚਰ (ਬਾਂਸ ਦੇ ਉਪਰਲੇ ਪਾਸੇ ਗਲੀ ਕਰਕੇ ਇਸ ਵਿੱਚ ਗੋਭ ਦੀਆਂ ਸੁੰਢੀਆਂ ਦੇ ਆਡੇਂ ਪਾ ਦਿੰਤੇ ਜਾਂਦੇ ਹਨ, ਅਤੇ ਗਲੀ ਦੇ ਬਾਹਰ ਗ੍ਰੀਸ ਆਦਿ ਲਗਾਈ ਜਾਂਦੀ ਹੈ।ਟ੍ਰਾਈਕੋਗਰਾਮਾ ਰਾਂਹੀ ਪੇਰੇਸਟਾਇਡਜ ਆਡਿਆਂ ਵਿੱਚੋ ਟ੍ਰਾਈਕੋਗਰਾਮਾ ਕੀੜੇ ਉੱਡ ਕੇ ਬਾਹਰ ਆ ਜਾਂਦੇ ਹਨ ਜਦਕਿ ਸੁੰਡੀਆਂ ਆਡਿਆਂ ਵਿੱਚੋ ਨਿਕਲਣ ਤੇ ਗਰੀਸ ਵਿੱਚ ਫਸ ਜਾਂਦੀਆਂ ਹਨ ਤੇ ਪੰਛੀਆਂ ਰਾਂਹੀ ਮੁਕਾਅ ਦਿੱਤੀਆਂ ਜਾ ਸਕਦੀਆਂ ਹਨ) ਅਤੇ ਪੰਛੀਆਂ ਲਈ ਬੈਠਣ ਦੀ ਥਾਂ ਬਣਾਉਣ ਨਾਲ ਇਸ ਕੀੜੇ ਦੀ ਰੋਕਥਾਮ ਕਰਨੀ ਸੋਖੀ ਹੋ ਸਕਦੀ ਹੈ।ਟ੍ਰਾਈਕੋਗ੍ਰਾਮਾ ਕਾਰਡਾਂ ਅਤੇ ਫੀਰੋਮੋਨ ਟਰੇਪ ਰਾਂਹੀ ਇਸ ਕੀੜੇ ਦੀ ਰੋਕਥਾਮ ਕਰਨੀ ਆਸਾਨ ਹੋ ਸਕਦੀ ਹੈ।ਸਬ ਸੁਆਇਲ ਵਾਟਰ ਪ੍ਰੀਜਰਵੇਸ਼ਨ ਐਕਟ ਅਨੁਸਾਰ ਝੋਨੇ ਦੀ 10 ਜੂਨ ਤੋਂ ਬਾਅਦ ਲਵਾਈ ਕਰਨ ਨਾਲ ਵੀ ਇਸ ਕੀੜੇ ਦਾ ਹਮਲਾ ਘਟਾਇਆ ਜਾ ਸਕਦਾ ਹੈ। ਮੱਕੜੀਆਂ,ਮੀਡੋ ਗਰਾਸ ਹਾਪਰ ਇਸ ਕੀੜੇ ਨੂੰ ਖਾਂਦੇ ਹਨ।ਭੂੰਡ(Xanthopimpla) ਆਦਿ ਇਸ ਕੀੜੇ ਦੀਆਂ ਸੁੰਡੀਆਂ ਨੂੰ ਪੈਰੇਸਟਾਇਡਜ਼ ਕਰਦੇ ਹਨ।	20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ) ਜਾਂ 1.0 ਲਿਟਰ ਕਲੋਰਪਾਈਰੀਫਾਸ 20 ਈ ਸੀ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿੱਚ ਘੋਲ ਕੇ ਕਰਨਾ ਚਾਹੀਦਾ ਹੈ। ਜੇ ਲੋੜ ਪਵੇ ਤਾਂ ਛਿੜਕਾਅ ਦੁਬਾਰਾ ਕਰੋ।
 ਪੱਤਾ ਲਪੇਟ ਸੁੰਡੀ: ਪੱਤੇ ਨੂੰ ਲਪੇਟ ਲੈਂਦੀਆਂ ਹਨ ਅਤੇ ਅੰਦਰੋ-ਅੰਦਰ ਹਰਾ ਮਾਦਾ ਖਾਦੀਆਂ ਹਨ, ਜਿਸ ਨਾਲ ਪੱਤਿਆਂ ਉਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ।	**ਪੱਤਿਆਂ ਦਾ ਨੁਕਸਾਨ 10 ਪ੍ਰਤੀਸ਼ਤ ਤੋਂ ਵਧੇਰੇ,** **ਪ੍ਰਤੀ ਸੁੱਕੇਅਰ ਮੀਟਰ 1-2 ਕੀੜੇ।** **2 ਤਾਜੇ ਨੁਕਸਾਨ ਹੋਏ ਪੱਤੇ।** ਫਸਲ ਦੇ ਨਿਸਾਰੇ ਤੋਂ ਪਹਿਲਾਂ ਮੁੰਜ ਜਾਂ ਨਾਰੀਅਲ ਵਾਲੀ ਰੱਸੀ ਫੇਰਨ ਨਾਲ ਇਸ ਸੁੰਡੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ।ਰੱਸੀ ਫੇਰਨ ਵੇਲੇ ਖੇਤ ਵਿੱਚ ਪਾਣੀ ਜਰੂਰ ਹੋਣਾ ਚਾਹੀਦਾ ਹੈ।ਮੱਕੜੀਆਂ,ਰੋਵ ਬੀਟਲ ਪ੍ਰੀਡੇਟਰ ਆਦਿ ਇਸ ਕੀੜੇ ਨੂੰ ਖਾਂਦੇ ਹਨ।	20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ) ਜਾਂ 1.0 ਲਿਟਰ ਕਲੋਰਪਾਈਰੀਫਾਸ 20 ਈ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ ਵਿੱਚ ਮਿਲਾ ਕੇ ਛਿੜਕੋ।
 ਬੂਟਿਆਂ ਦੇ ਟਿੱਡੇ : ਇਨ੍ਹਾਂ ਕੀੜਿਆਂ ਵਿੱਚ ਹਰੇ ਟਿੱਡੇ, ਚਿੱਟੀ ਪਿੱਠ ਵਾਲੇ ਟਿੱਡੇ ਅਤੇ ਭੂਰੇ ਟਿੱਡੇ ਸ਼ਾਮਲ ਹਨ। ਇਹ ਕੀੜੇ ਬੂਟੇ ਦਾ ਰਸ ਚੂਸਦੇ ਹਨ ਜਿਸ ਨਾਲ ਫ਼ਸਲ ਧੋੜੀਆਂ ਵਿੱਚ ਸੁੱਕ ਜਾਂਦੀ ਹੈ।	**ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ** ਜਿਆਦਾ ਨਾਈਟਰੋਜਨ ਵਾਲੀ ਖਾਦ ਨਾਲ ਇਸ ਕੀੜੇ ਦਾ ਹਮਲਾ ਵੱਧਦਾ ਹੈ।ਕੀੜੇ ਦਾ ਹਮਲਾ ਘਟਾਉਣ ਲਈ ਵੱਟਾਂ ਨੂੰ ਘਾਹ ਆਦਿ ਤੋਂ ਰਹਿਤ ਰੱਖੋ। ਮੱਕੜੀ, ਲਾਲ ਭੂੰਡੀ, ਡਰੈਗਨ ਡੈਮਸਲ ਫਲਾਈ, ਮੀਡੋ ਗਰਾਸ ਹਾਪਰ ਇਸ ਕੀੜੇ ਨੂੰ ਮਾਰਨ ਦੀ ਸਮੱਰਥਾ ਰੱਖਦੇ ਹਨ।	94 ਮਿਲੀਲਿਟਰ ਪੈਕਸਾਲੋਨ 10 ਐੱਸ ਸੀ ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ ਜਾਂ 40 ਮਿਲੀਲਿਟਰ ਕੌਨਫ਼ੀਡੋਰ 200 ਐਸ ਐਲ ਜਾਂ 800 ਮਿਲੀਲਿਟਰ ਕੁਇਨਲਫਾਸ 25 ਈ ਸੀ ਪ੍ਰਤੀ ਏਕੜ ਦੇ ਹਿਸਾਬ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ।ਚੰਗੇ ਨਤੀਜਿਆਂ ਲਈ ਕੀਟਨਾਸ਼ਕ ਦਾ ਛਿੜਕਾਅ ਨੈਪਸੈਕ ਸਪਰੇਅ ਪੰਪ ਨਾਲ ਬੂਟਿਆਂ ਦੇ ਮੁੱਢਾਂ ਵੱਲ ਕਰੋ।
 ਝੋਨੇ ਦਾ ਹਿਸਪਾ: ਇਸ ਕੀੜੇ ਦੇ ਹਮਲੇ ਕਰਕੇ ਪੱਤਿਆਂ ਉਪਰ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਖੇਤ ਦੂਰੋਂ ਚਿੱਟਾ ਜਿਹਾ ਦਿੱਸਦਾ ਹੈ।	**ਪ੍ਰਤੀ ਬੂਟਾ 2 ਨੁਕਸਾਨ ਵਾਲੇ ਪੱਤੇ ਜਾਂ 2 ਕੀੜੇ।** ਮੱਕੜੀ, ਲਾਲ ਭੂੰਡੀ, ਡਰੈਗਨ ਅਤੇ ਡੈਮਸਲ ਫਲਾਈ ਇਸ ਕੀੜੇ ਨੂੰ ਮਾਰਨ ਦੀ ਸਮੱਰਥਾ ਰੱਖਦੇ ਹਨ।	800 ਮਿਲੀਲਿਟਰ ਕੁਇਨਲਫ਼ਾਸ 25 ਈ ਸੀ ਜਾਂ 1.0 ਲਿਟਰ ਕਲੋਰਪਾਈਰੀਫ਼ਾਸ 20 ਈ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ।
 ਤਣੇ ਦੁਆਲੇ ਪੱਤੇ ਦਾ ਝੁਲਸ ਰੋਗ : ਇਸ ਬਿਮਾਰੀ ਨਾਲ ਤਣੇ ਉੱਤੇ ਸਲੇਟੀ ਰੰਗ ਦੇ ਧੱਬੇ ਪੈ ਜਾਂਦੇ ਹਨ। ਇਹ ਧੱਬੇ ਬਾਅਦ ਵਿੱਚ ਵੱਧ ਕੇ ਇੱਕ ਦੂਜੇ ਨਾਲ ਮਿਲ ਜਾਂਦੇ ਹਨ। ਇਸ ਬਿਮਾਰੀ ਦੇ ਵਧੇਰੇ ਹਮਲੇ ਨਾਲ ਮੁੰਜਰਾਂ ਵਿੱਚ ਦਾਣੇ ਪੂਰੇ ਨਹੀਂ ਬਣਦੇ।	**10% ਬੂਟਿਆਂ ਤੇ ਬਿਮਾਰੀ ਵਾਲੇ ਚਿਨ੍ਹ।** ਜਿਆਦਾ ਨਾਈਟਰੋਜਨ ਵਾਲੀ ਖਾਦ ਵਰਤਣ ਤੇ ਇਸ ਬੀਮਾਰੀ ਦਾ ਹਮਲਾ ਵੱਧਦਾ ਹੈ। ਬੀਮਾਰੀ ਦਾ ਹਮਲਾ ਘਟਾਉਣ ਲਈ ਵੱਟਾਂ /ਬੰਨਿਆ ਨੂੰ ਘਾਹ ਆਦਿ ਤੋਂ ਰਹਿਤ ਰੱਖੋ।	400 ਮਿਲੀਲਿਟਰ ਗਲੀਲਿਓ ਵੇਅ 18.76 ਐਸ ਸੀ ਜਾਂ 200 ਮਿਲੀਲਿਟਰ ਐਮੀਸਟਾਰ ਟੌਪ 325 ਐਸ ਸੀ ਜਾਂ ਪ੍ਰੋਪੀਕੋਨਾਜ਼ੋਲ 25 ਈ ਸੀ ਜਾਂ ਟੈਬੂਕੋਨਾਜੋਲ 25 ਈਸੀ ਜਾਂ 80 ਗ੍ਰਾਮ ਨਟੀਵੋ 75 ਡਬਲਯੂ ਜੀ ਜਾਂ 200 ਗ੍ਰਾਮ ਬਵਿਸਟਨ 50 ਡਬਲਯੂ ਪੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਬਿਮਾਰੀ ਤੇ ਚੰਗੀ ਤਰ੍ਹਾਂ ਕਾਬੂ ਪਾਉਣ ਲਈ ਛਿੜਕਾਅ ਬੂਟਿਆਂ ਦੇ ਮੁੱਢਾਂ ਵੱਲ ਰੱਖ ਕੇ ਕਰੋ। ਦੂਜਾ ਛਿੜਕਾਅ 15 ਦਿਨ ਦੇ ਵਕਫ਼ੇ ਨਾਲ ਕਰੋ।

ਝੂਠੀ ਕਾਂਗਿਆਰੀ: ਇਸ ਬਿਮਾਰੀ ਨਾਲ ਦਾਣਿਆਂ ਦੀ ਥਾਂ ਪੀਲੇ ਤੋਂ ਹਰੇ ਰੰਗ ਦੀ ਧੂੜੇਦਾਰ ਉੱਲੀ ਦੇ ਗੋਲੇ ਬਣ ਜਾਦੇ ਹਨ ਫ਼ਸਲ ਨਿਸਰਣ ਸਮੇਂ ਮੀਂਹ, ਬੱਦਲਵਾਈ ਅਤੇ ਵਧੇਰੇ ਸਿੱਲ੍ਹ ਰਹੇ ਤਾਂ ਇਹ ਬਿਮਾਰੀ ਜ਼ਿਆਦਾ ਲੱਗਦੀ ਹੈ।	ਰੂੜੀ ਅਤੇ ਨਾਈਟ੍ਰੋਜਨ ਵਾਲੀਆਂ ਖਾਦਾਂ ਦੀ ਬਹੁਤੀ ਵਰਤੋਂ ਕਰਕੇ ਵੀ ਇਸ ਬਿਮਾਰੀ ਦਾ ਵਾਧਾ ਬਹੁਤ ਹੁੰਦਾ ਹੈ।	ਇਸ ਬਿਮਾਰੀ ਤੇ ਕਾਬੂ ਪਾਉਣ ਲਈ ਜਦੋਂ ਫ਼ਸਲ ਗੋਭ ਵਿੱਚ ਹੋਵੇ, 400 ਮਿਲੀਲਿਟਰ ਗਲੀਲਿਓ ਵੇਅ 18.76 ਐਸ ਸੀ ਜਾਂ 500 ਗ੍ਰਾਮ ਕੋਸਾਈਡ 46 ਡੀ ਐਫ਼ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਜਦੋਂ ਫਸਲ ਗੋਭ ਵਿੱਚ ਹੋਵੇ ਤਾਂ ਛਿੜਕਾਅ ਕਰੋ।
ਭੂਰੇ ਧੱਬਿਆਂ ਦਾ ਰੋਗ: ਇਸ ਨਾਲ ਗੋਲ, ਅੱਖ ਦੀ ਸ਼ਕਲ ਵਰਗੇ ਧੱਬੇ ਪੈ ਜਾਂਦੇ ਹਨ ਇਹ ਧੱਬੇ ਦਾਣਿਆਂ ਉਤੇ ਵੀ ਪੈ ਜਾਂਦੇ ਹਨ।	**2-5% ਬੂਟਿਆਂ ਤੇ ਬਿਮਾਰੀ ਵਾਲੇ ਚਿਨ੍ਹ।** ਇਹ ਬਿਮਾਰੀ ਮਾੜੀਆਂ ਜ਼ਮੀਨਾਂ ਵਿੱਚ ਫ਼ਸਲ ਨੂੰ ਔੜ ਲੱਗਣ ਨਾਲ ਵਧੇਰੇ ਆਉਂਦੀ ਹੈ। ਇਸ ਕਰਕੇ ਫ਼ਸਲ ਨੂੰ ਸੰਤੁਲਤ ਖਾਦ ਪਾਉਣੀ ਚਾਹੀਦੀ ਹੈ।	ਨਟੀਵੋ 75 ਡਬਲਯੂ ਜੀ 80 ਗ੍ਰਾਮ ਪ੍ਰਤੀ ਏਕੜ 200 ਲਿਟਰ ਪਾਣੀ ਵਿੱਚ ਘੋਲ ਕੇ ਦੋ ਵਾਰ ਛਿੜਕੋ। ਪਹਿਲਾ ਛਿੜਕਾਅ ਜਾੜ ਮਾਰਨ ਸਮੇਂ ਅਤੇ ਦੂਸਰਾ ਛਿੜਕਾਅ 15 ਦਿਨਾਂ ਪਿਛੋਂ ਕਰੋ।
ਤਣੇ ਦਾ ਗਲਣਾ: ਪਾਣੀ ਦੀ ਸਤਹ ਤੇ ਬੂਟੇ ਉੱਤੇ ਗੂੜ੍ਹੇ ਭੂਰੇ ਤੋਂ ਕਾਲੇ ਧੱਬੇ ਪੈ ਜਾਂਦੇ ਹਨ। ਬਾਅਦ ਵਿੱਚ ਇਹ ਬਿਮਾਰੀ ਸਾਰੇ ਤਣੇ ਤੇ ਫੈਲ ਜਾਂਦੀ ਹੈ, ਜਿਸ ਨਾਲ ਬੂਟਾ ਮੁਰਝਾਅ ਕੇ ਡਿੱਗ ਪੈਂਦਾ ਹੈ।	ਨਾਈਟ੍ਰੋਜਨ ਵਾਲੀਆਂ ਖਾਦਾਂ ਦੀ ਵਰਤੋਂ ਵਧੇਰੇ ਮਾਤਰਾ ਵਿੱਚ ਨਾ ਕਰੋ।	ਫ਼ਸਲ ਨੂੰ ਲਗਾਤਾਰ ਪਾਣੀ ਨਾ ਦਿਉ, ਖੜ੍ਹਾ ਪਾਣੀ ਬਾਹਰ ਕੱਢ ਦਿਉ ਜਾਂ ਕਦੀ-ਕਦੀ ਪਾਣੀ ਦਿਉ।
ਭੁਰੜ ਰੋਗ: ਪੱਤਿਆਂ ਉਤੇ ਸਲੇਟੀ ਰੰਗ ਦੇ ਧੱਬੇ ਪੈ ਜਾਂਦੇ ਹਨ ।ਇਸ ਨਾਲ ਮੁੰਜਰਾਂ ਦੇ ਮੁੱਢ ਤੇ ਕਾਲੇ ਦਾਗ ਪੈ ਜਾਂਦੇ ਹਨ ਬਾਸਮਤੀ ਕਿਸਮਾਂ ਨੂੰ ਭੁਰੜ ਰੋਗ ਵਧੇਰੇ ਲੱਗਦਾ ਹੈ। ਸ਼ਾਖਾਂ ਫੁੱਟਣ ਸਮੇਂ ਪੱਤਿਆਂ ਉੱਤੇ ਸਲੇਟੀ ਰੰਗ ਦੇ ਧੱਬੇ ਪੈ ਜਾਂਦੇ ਹਨ ਜੋ ਕਿ ਕਿਨਾਰਿਆਂ ਤੋਂ ਭੂਰੇ ਰੰਗ ਦੇ ਹੁੰਦੇ ਹਨ। ਬਾਅਦ ਵਿੱਚ ਮੁੰਜਰਾਂ ਨਿਕਲਣ ਵਾਲੀ ਥਾਂ ਤੇ ਕਾਲੇ ਦਾਗ ਵੀ ਪੈ ਜਾਂਦੇ ਹਨ ਜਿਸ ਨਾਲ ਮੁੰਜਰਾਂ ਡਿੱਗ ਪੈਂਦੀਆਂ ਹਨ।	**5% ਬੂਟਿਆਂ ਤੇ ਬਿਮਾਰੀ ਵਾਲੇ ਚਿਨ੍ਹ।** ਇਸ ਬਿਮਾਰੀ ਦਾ ਹਮਲਾ ਬਾਸਮਤੀ ਉਤੇ ਖਾਸ ਤੌਰ ਤੇ ਜਿਥੇ ਨਾਈਟ੍ਰੋਜਨ ਖਾਦਾਂ ਦੀ ਵਧੇਰੇ ਮਾਤਰਾ ਪਾਈ ਗਈ ਹੋਵੇ, ਵਧੇਰੇ ਹੁੰਦਾ ਹੈ। ਪੂਸਾ ਬਾਸਮਤੀ -1637 ਇਸ ਬੀਮਾਰੀ ਦਾ ਟਾਕਰਾ ਕਰ ਸਕਦੀ ਹੈ।	ਇਸ ਦੀ ਰੋਕਥਾਮ ਲਈ ਐਮੀਸਟਾਰ ਟੌਪ 325 ਐਸ ਸੀ 200 ਮਿਲੀਲਿਟਰ ਜਾਂ ਇੰਡੋਫਿਲ ਜ਼ੈਡ-78 (ਜ਼ਿਨੇਬ) 75 ਘੁਲਣਸ਼ੀਲ 500 ਗ੍ਰਾਮ ਨੂੰ 200 ਲਿਟਰ ਪਾਣੀ ਪ੍ਰਤੀ ਏਕੜ ਵਿੱਚ ਘੋਲ ਕੇ ਫ਼ਸਲ ਦੇ ਗੋਭ ਵਿੱਚ ਆਉਣ ਅਤੇ ਮੁੰਜਰਾਂ ਨਿਕਲਣ ਦੇ ਸ਼ੁਰੂ ਵਿੱਚ ਛਿੜਕਾਅ ਕਰੋ।
ਤਣੇ ਦੁਆਲੇ ਪੱਤੇ ਦਾ ਗਲਣਾ:  ਤਣੇ ਦੁਆਲੇ ਪੱਤੇ ਗਲਣ ਦਾ ਰੋਗ ਸਭ ਤੋਂ ਉਪਰਲੇ ਪੱਤੇ ਦੀ ਸ਼ੀਥ ਦੇ ਗਲਣ ਕਰਕੇ ਜ਼ਾਹਿਰ ਹੁੰਦਾ ਹੈ।ਇਸ ਦੇ ਅਸਰ ਨਾਲ ਪੱਤਿਆਂ ਦੀ ਸ਼ੀਥ ਤੇ ਲੰਬੂਤਰੇ ਤੋਂ ਬੇਤਰਤੀਬੇ ਸਲੇਟੀ ਤੋਂ ਹਲਕੇ ਭੂਰੇ ਰੰਗ ਦੇ ਚਟਾਖ ਪੈ ਜਾਂਦੇ ਹਨ।ਗੰਭੀਰ ਹਮਲੇ ਦੀ ਸੂਰਤ ਵਿੱਚ ਮੁੰਜਰਾਂ ਥੋਥੀਆਂ ਰਹਿ ਜਾਂਦੀਆਂ ਹਨ ਅਤੇ ਗੂੜ੍ਹੇ ਲਾਲ ਜਾਂ ਜਾਮਣੀ ਭੂਰੇ ਤੋਂ ਕਾਲੇ ਰੰਗ ਦੀਆਂ ਹੋ ਜਾਂਦੀਆਂ ਹਨ।	ਇਹ ਉੱਲੀ ਸਰਦੀਆਂ ਵਿੱਚ ਦਾਣਿਆਂ ਅਤੇ ਪਰਾਲੀ ਉੱਤੇ ਰਹਿੰਦੀ ਹੈ। ਫ਼ਸਲ ਉੱਤੇ ਇਸ ਦਾ ਵਧੇਰੇ ਹਮਲਾ ਹੋਣ ਤੇ ਪਰਾਲੀ,ਦਾਣੇ ਝਾੜਨ ਪਿੱਛੋਂ ਨਸ਼ਟ ਕਰਨ ਦੀ ਸਿਫਾਰਿਸ਼ ਹੈ। ਬਿਮਾਰੀ ਤੋਂ ਰਹਿਤ ਬੀਜ ਹੀ ਵਰਤਣਾ ਚਾਹੀਦਾ ਹੈ।	ਇਹ ਉੱਲੀ ਸਿਆਲ ਵਿੱਚ ਦਾਣਿਆਂ ਅਤੇ ਪਰਾਲੀ ਉੱਤੇ ਰਹਿੰਦੀ ਹੈ। ਜਿਸ ਫ਼ਸਲ ਉੱਤੇ ਇਸ ਦਾ ਵਧੇਰੇ ਹਮਲਾ ਹੋਵੇ ਉਸ ਦੀ ਪਰਾਲੀ, ਦਾਣੇ ਝਾੜਨ ਪਿੱਛੋਂ ਨਸ਼ਟ ਕਰ ਦੇਣੀ ਚਾਹੀਦੀ ਹੈ।ਬਿਮਾਰੀ ਤੋਂ ਰਹਿਤ ਬੀਜ ਵਰਤਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।
ਮੁੱਢਾਂ ਦਾ ਗਲਣਾ (ਝੰਡਾ ਰੋਗ): ਇਹ ਇੱਕ ਉੱਲੀ ਦਾ ਰੋਗ ਹੈ ਜਿਸ ਨਾਲ ਬਿਮਾਰ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਥੱਲੇ ਤੋਂ ਉਪਰ ਵੱਲ ਮੁਰਝਾਅ ਕੇ ਸੁੱਕ ਜਾਂਦੇ ਹਨ। ਬਿਮਾਰੀ ਵਾਲੇ ਬੂਟੇ ਦੂਜਿਆਂ ਨਾਲੋਂ ਉੱਚੇ ਹੁੰਦੇ ਹਨ ਅਤੇ ਜ਼ਮੀਨ ਉਪਰਲੀਆਂ ਪੋਰੀਆਂ ਤੋਂ ਜੜ੍ਹਾਂ ਬਣਾ ਲੈਂਦੇ ਹਨ।	ਰੋਗ ਰਹਿਤ ਬੀਜ ਵਰਤਣਾ ਚਾਹੀਦਾ ਹੈ ਬੀਜ ਅਤੇ ਪਨੀਰੀ ਸਿਫ਼ਾਰਿਸ਼ ਅਨੁਸਾਰ ਸੋਧ ਕਰਕੇ ਲਾਉ। ਬਿਮਾਰੀ ਵਾਲੇ ਬੂਟਿਆਂ ਨੂੰ ਪਨੀਰੀ ਅਤੇ ਫ਼ਸਲ ਵਿੱਚੋਂ ਪੁੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ।	ਬੀਜ ਨੂੰ ਬੀਜਣ ਤੋਂ ਪਹਿਲਾਂ 15 ਗ੍ਰਾਮ ਟ੍ਰਾਈਕੋਡਰਮਾ ਹਰਜੀਅਨਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ। ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਵੀ 15 ਗ੍ਰਾਮ ਟ੍ਰਾਈਕੋਡਰਮਾ ਹਰਜੀਅਨਮ ਪ੍ਰਤੀ ਲਿਟਰ ਪਾਣੀ ਵਿੱਚ 6 ਘੰਟੇ ਲਈ ਡੁਬੋ ਕੇ ਲਗਾਉਣ ਨਾਲ ਬੀਮਾਰੀ ਦਾ ਹਮਲਾ ਰੋਕਿਆ ਜਾ ਸਕਦਾ ਹੈ।
ਝੁਲਸ ਰੋਗ: ਪੱਤਿਆਂ ਉਪਰ ਹਰੀਆਂ ਪੀਲੀਆਂ ਧਾਰੀਆਂ ਕਿਨਾਰਿਆਂ ਦੇ ਨਾਲ ਨਾਲ ਬਣ ਜਾਂਦੀਆਂ ਹਨ।ਗੰਭੀਰ ਹਾਲਤਾਂ ਵਿੱਚ ਸਾਰਾ ਪੱਤਾ ਸੁੱਕ ਜਾਂਦਾ ਹੈ।	ਇਸ ਬਿਮਾਰੀ ਦੇ ਜਰਾਸੀਮ, ਬੀਜ, ਪਰਾਲੀ ਅਤੇ ਹੋਰ ਪੌਦਿਆਂ ਦੀਆਂ ਜੜਾਂ ਰਾਹੀਂ ਅਗਲੇ ਮੌਸਮ ਤੱਕ ਚਲੇ ਜਾਂਦੇ ਹਨ।ਨਾਈਟ੍ਰੋਜਨ ਤੱਤ ਦੀ ਜ਼ਿਆਦਾ ਵਰਤੋਂ ਨਾ ਕਰੋ। ਪਨੀਰੀ ਲਾਉਣ ਤੋਂ 6 ਹਫ਼ਤੇ ਬਾਅਦ ਨਾਈਟ੍ਰੋਜਨ ਨਹੀ ਪਾਉਣੀ ਚਾਹੀਦੀ ਅਤੇ ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ।	ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਦਾ ਬੀਜ ਹੀ ਵਰਤੋਂ । ਪਨੀਰੀ ਅਤੇ ਫ਼ਸਲ ਛਾਂ ਹੇਠ ਅਤੇ ਕੁੱਪਾਂ ਨੇੜੇ ਨਹੀਂ ਬੀਜਣੀ ਚਾਹੀਦੀ। ਬਾਸਮਤੀ ਦੀਆਂ ਪੰਜਾਬ ਬਾਸਮਤੀ 5,4,3 ਅਤੇ ਪੂਸਾ ਬਾਸਮਤੀ 1718 ਕਿਸਮਾਂ ਬੀਜੋ।

ਜ਼ਿੰਕ ਦੀ ਘਾਟ ਇਸ ਘਾਟ ਵਿੱਚ ਬੂਟੇ ਮੱਧਰੇ ਰਹਿ ਜਾਂਦੇ ਹਨ ਅਤੇ ਬੂਟਾ ਜਾੜ ਬਹੁਤ ਘੱਟ ਮਾਰਦਾ ਹੈ।		**ਫਸਲ ਨੂੰ ਫਾਸਫੋਰਸ ਤੱਤ ਵਾਲੀ ਖਾਦ ਵਧੇਰੇ ਪਾਉਣ ਨਾਲ ਜ਼ਿੰਕ ਦੀ ਘਾਟ ਆ ਸਕਦੀ ਹੈ। ਭੂਮੀ ਸਿਹਤ ਕਾਰਡ ਰਾਂਹੀ ਜ਼ਿੰਕ ਦੀ ਕਮੀ ਦਾ ਅਗਾਂਓ ਪਤਾ ਕਰਨਾ ਚਾਹੀਦਾ ਹੈ।**	ਜ਼ਿੰਕ ਦੀ ਘਾਟ ਪੂਰੀ ਕਰਨ ਲਈ ਕੱਦੂ ਕਰਨ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਜੇਕਰ ਬੀਜੀ ਫ਼ਸਲ ਵਿੱਚ ਇਹ ਨਿਸ਼ਾਨੀਆਂ ਨਜ਼ਰ ਆਉਣ ਤਾਂ ਜ਼ਿੰਕ ਸਲਫੇਟ ਖੇਤ ਵਿੱਚ ਛੱਟੇ ਨਾਲ ਪਾ ਦਿਉ। ਜ਼ਿੰਕ ਦੀ ਘਾਟ ਪੌੜੀਆਂ ਵਿੱਚ ਨਜ਼ਰ ਆਵੇ ਤਾਂ ਅਜਿਹੀ ਹਾਲਤ ਵਿੱਚ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਨੂੰ ਏਨੀ ਹੀ ਸੁੱਕੀ ਮਿੱਟੀ ਵਿੱਚ ਰਲਾ ਕੇ ਘਾਟ ਵਾਲੇ ਥਾਵਾਂ ਵਿੱਚ ਖਿਲਾਰ ਦੇਣਾ ਚਾਹੀਦਾ ਹੈ।
ਲੋਹੇ ਦੀ ਘਾਟ ਕਰਕੇ ਬੂਟੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਜਾਂਦੇ ਹਨ।		**ਹਲਕੀਆਂ ਜਮੀਨਾਂ ਜਿਥੇ ਪਾਣੀ ਦੀ ਕਮੀ ਹੋਵੇ ਘਾਟ ਨਜਰ ਆਉਂਦੀ ਹੈ।** ਜਦੋਂ ਅਜਿਹੇ ਪੀਲੇਪਨ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਛੇਤੀ ਭਰਵਾਂ ਪਾਣੀ ਫ਼ਸਲ ਨੂੰ ਦਿਉ।	ਇੱਕ ਪ੍ਰਤੀਸ਼ਤ ਲੋਹੇ ਦਾ ਛਿੜਕਾਅ ਪੱਤਿਆਂ ਉੱਪਰ ਕਰੋ। ਇਸ ਲਈ ਇੱਕ ਕਿਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਛਿੜਕੋ। ਅਜਿਹੇ 2-3 ਛਿੜਕਾਅ ਕਰਨ ਨਾਲ ਲੋਹੇ ਦੀ ਘਾਟ ਪੂਰੀ ਕੀਤੀਜਾ ਸਕਦੀ ਹੈ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਕਿਸਾਨਾ ਨੂੰ ਵੱਖ ਵੱਖ ਦਵਾਈਆਂ ਦੀ ਖ੍ਰੀਦ ਹਮੇਸ਼ਾ ਰਜਿਸਟਰਡ ਡੀਲਰਾਂ ਜਾਂ ਸੰਸਥਵਾਂ ਪਾਸੋਂ ਹੀ ਕਰਨ ਦੀ ਸਲਾਹ ਦਿੱਤੀ ਜਾਂਦੀ ਰਹੀ ਹੈ, ਕਈ ਲੋਕ ਕਿਸਾਨਾ ਨੂੰ ਵਰਗਲਾ ਕੇ ਅਤੇ ਸਸਤੀ ਦਵਾਈ ਦਾ ਝਾਂਸਾ ਦੇ ਕੇ ਨਕਲੀ ਦਵਾਈਆਂ ਦੀ ਵਿਕਰੀ ਕਰ ਸਕਦੇ ਹਨ। ਕਿਸਾਨਾ ਨੂੰ ਅਜਿਹੇ ਅਨਸਰਾਂ ਦੇ ਝਾਂਸੇ ਵਿੱਚ ਨਾ ਆਉਣ ਅਤੇ ਹਮੇਸ਼ਾ ਦਵਾਈ ਦੀ ਖ੍ਰੀਦ ਵੇਲੇ ਪੱਕਾ ਬਿੱਲ ਜਰੂਰ ਪ੍ਰਾਪਤ ਕਰਨ ਵੱਲ ਧਿਆਨ ਦੇਨਾ ਚਾਹੀਦਾ ਹੈ। ਅਜਿਹੇ ਅਨਸਰ ਜੋ ਕਿ ਪਿੰਡਾਂ ਆਦਿ ਵਿੱਚ ਦਵਾਈ ਦੀ ਵਿਕਰੀ ਕਰਦੇ ਨਜਰ ਆਉਣ ਤਾਂ ਕਿਸਾਨਾ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਆਪਣੇ ਹਲਕੇ ਦੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਜਾਂ ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਅਤੇ ਖੇਤੀ ਮਾਹਿਰਾਂ ਦੀ ਸਲਾਹ ਨਾਲ ਹੀ ਜਹਿਰਾਂ ਦਾ ਇਸਤੇਮਾਲ ਕਰਨ। ਜਿਲ੍ਹੇ ਦੇ ਦਵਾਈਆਂ, ਖਾਦਾਂ, ਬੀਜਾਂ ਆਦਿ ਦੀ ਵਿਕਰੀ ਕਰਨ ਵਾਲੇ ਵਿਕਰੇਤਾਵਾ ਨੂੰ ਵੀ ਚਾਹੀਦਾ ਹੈ, ਕਿ ਉਹ ਕਿਸਾਨਾ ਦਾ ਸਾਥ ਦਿੰਦੇ ਹੋਏ ਕਿਸਾਨਾ ਤੱਕ ਮਿਆਰੀ ਵਸਤਾਂ ਪਹੰਚਾਉਣ ਅਤੇ ਕੁਆਲਿਟੀ ਕੰਟਰੋਲ ਐਕਟ ਅਨੁਸਾਰ ਯੋਗ ਉਪਰਾਲੇ ਕਰਦੇ ਹੋਏ ਹੀ ਕਿਸਾਨਾ ਨੂੰ ਇਹਨਾ ਵਸਤਾਂ ਦੀ ਵਿਕਰੀ ਬਕਾਇਦਾ ਬਿੱਲ ਸਮੇਤ ਹੀ ਕਰਨ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਕਿਸਾਨਾ ਨੂੰ ਖੇਤੀ ਵਸਤਾਂ ਬਿੱਲ ਸਮੇਤ ਮੁਹਇਆ ਕਰਵਾਉਣ ਲਈ ਐਕਟ ਅਨੁਸਾਰ ਲੋੜੀਂਦੇ ਉਪਰਾਲੇ ਕੀਤੇ ਜਾਣ। ਸਾਉਣੀ ਦੀਆਂ ਫਸਲਾਂ ਵਾਸਤੇ ਕਿਸਾਨਾ ਨੂੰ ਨਿਮਨਲਿਖਤ ਅਨੁਸਾਰ ਸਲਾਹ ਦਿੱਤੀ ਜਾਂਦੀ ਹੈ :-

- ਝੋਨੇ, ਬਾਸਮਤੀ ਅਤੇ ਮੱਕੀ ਆਦਿ ਫਸਲਾਂ ਤੇ ਜਹਿਰਾਂ ਦਾ ਇਸਤੇਮਾਲ ਸੰਯਮ ਅਤੇ ਸੰਕੋਚ ਨਾਲ ਕਰਨਾ ਚਾਹੀਦਾ ਹੈ।
- ਜਹਿਰਾਂ, ਖਾਦਾ ਅਤੇ ਬੀਜਾ ਦੀ ਖ੍ਰੀਦ ਹਮੇਸ਼ਾ ਰਜਿਸਟਰਡ ਡੀਲਰਾਂ ਪੋਸੋਂ ਹੀ ਕਰਨੀ ਚਾਹੀਦੀ ਹੈ। ਪਿੰਡਾਂ ਵਿੱਚ ਚਲਦੇ ਫਿਰਦੇ ਵਿਕਰੇਤਾਵਾਂ ਪਾਸੋ ਇਹਨਾ ਵਸਤਾਂ ਦੀ ਖ੍ਰੀਦ ਨਹੀ ਕਰਨੀ ਚਾਹੀਦੀ।
- ਪੰਜਾਬ ਭਰ ਵਿੱਚ ਗਲਾਈਫੋਸੇਟ ਦਵਾਈ ਦੀ ਵਿਕਰੀ ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ, ਜੇਕਰ ਕੋਈ ਇਸ ਦਵਾਈ ਦੀ ਵਿਕਰੀ ਕਰ ਰਿਹਾ ਹੋਵੇ ਤਾਂ ਤੁਰੰਤ ਖੇਤੀਬਾੜੀ ਵਿਭਾਗ ਦੇ ਧਿਆਨ ਵਿੱਚ ਲਿਆਓ।
- ਝੋਨੇ ਵਿੱਚ ਦਾਣੇਦਾਰ ਦਵਾਈਆਂ ਦਾ ਇਸਤੇਮਾਲ ਸਿਰਫ ਸਿਫਾਰਸ਼ਾ ਅਨੁਸਾਰ ਹੀ ਕਰਨਾ ਚਾਹੀਦਾ ਹੈ।
- ਬਾਸਮਤੀ ਦੀ ਐਕਸਪੋਰਟ ਕੁਆਲਿਟੀ ਲਈ ਨਿਮਨਲਿਖਤ ਅਨੁਸਾਰ 9 ਜਹਿਰਾਂ ਦਾ ਇਸਤੇਮਾਲ ਨਹੀ ਕਰਨਾ ਚਾਹੀਦਾ ਅਤੇ ਦਵਾਈ ਵਿਕਰੇਤਾਵਾਂ ਨੂੰ ਵੀ ਚਾਹੀਦਾ ਹੈ, ਕਿ ਇਹਨਾ ਦਵਾਈਆਂ ਦੀ ਵਿਕਰੀ ਕਿਸਾਨਾ ਨੂੰ ਨਾ ਕਰਨ।

1) ਐਸੀਫੇਟ 2) ਟ੍ਰਾਇਜ਼ੋਫਾਸ 3) ਥਾਇਆਮਿਥੋਕਸਮ 4) ਕਾਰਬੈਂਡਾਜ਼ਿਮ 5) ਟ੍ਰਾਈਸਈਕਲਾਜ਼ੋਲ 6) ਬਿਪਰੋਫਿਜ਼ਨ 7) ਕਾਰਬੋਫਿਉਰੋਨ 8) ਪ੍ਰੋਪੀਕੋਨਾਜ਼ੋਲ 9) ਥਾਇਓਫਿਨੇਟ ਮਿਥਾਇਲ।

ਡਾ ਸੁਰਿੰਦਰ ਸਿੰਘ
ਮੁੱਖ ਖੇਤੀਬਾੜੀ ਅਫਸਰ ਜਲੰਧਰ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

ਜਿਲ੍ਹਾ ਜਲੰਧਰ

ਤਿਆਰ ਕਰਤਾ : ਡਾ ਨਰੇਸ਼ ਕੁਮਾਰ ਗੁਲਾਟੀ ਖੇਤੀਬਾੜੀ